## ਪੰਜਾਬ ਪੁਲਿਸ ਸਕਿਉਰਟੀ ਕਾਰਪੋਰੇਸ਼ਨ, ਵੱਲੋਂ ਸਕਿੱਲ ਡਿਵੈਲਪਮੈਂਟ ਸਕੀਮ ਅਧੀਨ ਪੰਜਾਬ ਸਕਿਉਰਟੀ ਸਿੱਖਲਾਈ ਇੰਸਟੀਚਿਊਟ ਜਹਾਨਖੇਲਾਂ ਵਿਖੇ ਸਿਕਿਉਰਟੀ ਗਾਰਡ ਦੀ ਸਿਖਲਾਈ ਲਈ ਦਾਖਲਾ

## ਨੋਟਿਸ

ਪੰਜਾਬ ਪੁਲਿਸ ਸਿਕਿਉਰਟੀ ਕਾਰਪੋਰੇਸ਼ਨ ਵੱਲੋਂ ਐਸ.ਡੀ.ਆਈ. ਸਕੀਮ ਅਧੀਨ ਸਿਕਿਉਰਟੀ ਗਾਰਡ ਦੀ ਦੋ ਮਹੀਨਿਆਂ ਦੀ ਸਿਖਲਾਈ ਪ੍ਰਾਪਤ ਕਰਨ ਦੇ ਚਾਹਵਾਨ, ਪੰਜਾਬ ਰਾਜ ਦੇ ਵਸਨੀਕ, ਯੋਗ ਪੁਰਸ਼ ਉਮੀਦਵਾਰਾਂ ਤੋਂ ਜਿਹਨਾਂ ਦੀ ਉਮਰ 18 ਤੋਂ 35 ਸਾਲ (ਉਮਰ ਨਿਰਧਾਰਤ ਕਰਨ ਦੀ ਮਿਤੀ 31.03.2015 ) ਦੇ ਦਰਮਿਆਨ ਹੋਵੇ, ਬਿਨੈ-ਪੱਤਰ ਹੇਠ ਦਿੱਤੇ ਨਿਰਧਾਰਤ ਪ੍ਰਫਾਰਮੇ ਤੇ ਆਪਣੀ ਫੋਟੋ ਸਹਿਤ ਉਮਰ ਅਤੇ ਦਸਵੀਂ ਪੱਧਰ ਦੀ ਵਿੱਦਿਅਕ ਯੋਗਤਾ ਦੀ ਫੋਟੋਕਾਪੀ ਸਬੂਤ ਵਜੋਂ ਨਾਲ ਨੱਥੀ ਕਰਕੇ, ਪੰਜਾਬ ਪੁਲਿਸ ਸਿਕਿਉਰਟੀ ਕਾਰਪੋਰੇਸ਼ਨ, ਪੁਲਿਸ ਬਿਲਡਿੰਗ, ਫੇਜ-7, ਮੋਹਾਲੀ ਨੂੰ ਮਿਤੀ 20.04.2015 ਤੱਕ ਭੇਜ ਸਕਦੇ ਹਨ। ਵਧੇਰੀ ਜਾਣਕਾਰੀ ਲਈ ਨਿਗਮ ਦੀ ਵੈਬਸਾਇਟ **www.pphcl.org** ਵੀ ਵੇਖੀ ਜਾ ਸਕਦੀ ਹੈ ।

**ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਸਿਖਲਾਈ ਪ੍ਰਾਈਵੇਟ ਸੈਕਟਰ ਵਿੱਚ ਰੋਜਗਾਰ ਪ੍ਰਾਪਤ ਕਰਨ ਲਈ ਹੋਵੇਗੀ ਨਾ ਕਿ ਕਿਸੇ ਸਰਕਾਰੀ ਵਿਭਾਗ ਵਿੱਚ ।**

ਉਮੀਦਵਾਰ ਚੋਣ ਪ੍ਰਕਿਰਿਆ ਲਈ ਹੇਠ ਲਿਖੇ ਪਤੇ ਤੇ ਦਿਤੀ ਗਈ ਮਿਤੀ ਨੂੰ ਸਮੇਂ ਸਿਰ ਹਾਜਰ ਹੋਣ:-

| ਲੜੀ ਨੰ | ਸਥਾਨ | ਸਮਾਂ ਅਤੇ ਮਿਤੀ | ਜਿਲਾ ਜਿਸ ਨਾਲ ਸਿਖਿਆਰਥੀ ਸਬੰਧਤ ਹੋਵੇ |
|---|---|---|---|
| 1 | ਪੁਲਿਸ ਲਾਈਨ, ਸੰਗਰੂਰ | ਸਵੇਰੇ 10 ਵਜੇ<br>ਮਿਤੀ 27.04.2015 | ਸੰਗਰੂਰ, ਬਰਨਾਲਾ, ਪਟਿਆਲਾ, ਫਤਿਹਗੜ੍ਹ ਸਾਹਿਬ, ਰੋਪੜ, ਮੋਹਾਲੀ, ਚੰਡੀਗੜ੍ਹ, ਲੁਧਿਆਣਾ,ਮਾਨਸਾ, ਬਠਿੰਡਾ ਅਤੇ ਮੁਕਤਸਰ |
| 2 | ਪੁਲਿਸ ਲਾਈਨ, ਫਿਰੋਜਪੁਰ | ਸਵੇਰੇ 10 ਵਜੇ<br>ਮਿਤੀ 28.04.2015 | ਫਿਰੋਜਪੁਰ, ਫਾਜਿਲਕਾ, ਫਰੀਦਕੋਟ, ਮੋਗਾ ਅਤੇ ਤਰਨਤਾਰਨ, |
| 3 | ਪੁਲਿਸ ਲਾਈਨ, ਗੁਰਦਾਸਪੁਰ | ਸਵੇਰੇ 10 ਵਜੇ<br>ਮਿਤੀ 30.04.2015 | ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਐਸ.ਬੀ.ਐਸ ਨਗਰ (ਨਵਾਂਸਹਿਰ) |

ਯੋਗਤਾ : ਵਿੱਦਿਅਕ ਯੋਗਤਾ: ਮੈਟ੍ਰਿਕੁਲੈਸ਼ਨ (1●ਵੀ ਪਾਸ )।

ਸਰੀਰਕ ਮਿਆਰ :

i) ਉਚਾਈ 5'–6", ਛਾਤੀ –31"-32 ½" ( 1½" ਫੁਲਾ ਕੇ )

ii) ਭਾਰ– ਲੰਬਾਈ ਅਤੇ ਭਾਰ ਦੇ ਨਿਰਧਾਰਤ ਟੇਬਲ ਅਨੁਸਾਰ ।

iii) ਅੱਖਾਂ ਦੀ ਦ੍ਰਿਸਟੀ ਕਲਰ ਬਲਾਂਇਡਨੈਸ ਤੋ ਮੁਕਤ, ਸੋਧ ਅਤੇ ਬਿਨਾਂ ਸੋਧ ਦੂਰ ਦੇਖਣ ਦੀ ਦ੍ਰਿਸਟੀ 6/6 ਨੇੜੇ ਦੀ ●.6 ਹੋਣੀ ਜਰੂਰੀ ਹੈ ।

iv) ਉਮੀਦਵਾਰ ਦੇ ਨਾ ਹੀ ਪੈਰ ਪੱਧਰੇ ਅਤੇ ਨਾ ਹੀ ਗਿੱਟੇ ਭਿੜਨੇ ਚਾਹੀਦੇ ਹਨ ।

ਚੋਣ ਪ੍ਰਕਿਰਿਆ:

ਸਰੀਰਕ ਕੁਸ਼ਲਤਾ ਟੈਸਟ: ਉਪਰੋਕਤ ਯੋਗਤਾਵਾਂ ਅਤੇ ਸਰੀਰਕ ਲੋੜਾਂ ਪੂਰੀਆਂ ਕਰਦੇ ਉਮੀਦਵਾਰ ਦੀ ਸਰੀਰਕ ਫਿਟਨੈਸ ਅਤੇ ਸਹਿਣ ਸਕਤੀ ਨੂੰ ਟੈਸਟ ਕਰਨ ਲਈ 1 ਕਿਲੋ ਮੀਟਰ ਦੀ ਦੌੜ ਲਗਵਾਈ ਜਾਵੇਗੀ। ਉਮੀਦਵਾਰ ਨੂੰ 1 ਕਿਲੋ ਮੀਟਰ ਦੀ ਦੂਰੀ 6 ਮਿੰਟਾਂ ਦੇ ਅੰਦਰ –ਅੰਦਰ ਪੂਰੀ ਕਰਨੀ ਹੋਵੇਗੀ। ਚੋਣ ਟੈਸਟ ਵਿੱਚ ਭਾਗ ਲੈਣ ਲਈ ਉਮੀਦਵਾਰ ਨੂੰ ਕਿਸੇ ਕਿਸਮ ਦਾ ਖਰਚਾ/ਯਾਤਰਾ ਭੱਤਾ ਨਹੀ ਦਿੱਤਾ ਜਾਵੇਗਾ। ਸਿਖਲਾਈ ਦੌਂਰਾਨ ਰਿਹਾਇਸ਼ ਅਤੇ ਸਿਖਲਾਈ ਲਈ ਕੋਈ ਵੀ ਖਰਚਾ ਵਸੂਲ ਨਹੀ ਕੀਤਾ ਜਾਵੇਗਾ ।ਖਾਣਾਂ ਅਤੇ ਵਰਦੀ ਨਾਲ ਸਬੰਧਤ ਖਰਚਾ ਸਿੱਖਿਆਰਥੀ ਵੱਲੋ ਕੀਤਾ ਜਾਵੇਗਾ।

ਨੋਟ: ਉੱਕਤ ਸੈਂਟਰਾਂ ਵਿਖੇ ਸਿਕਿਉਰਟੀ ਗਾਰਡ ਟ੍ਰੇਨਿੰਗ ਲਈ ਪਹਿਲਾਂ ਸਲੈਕਟ ਕੀਤੇ ਉਮੀਦਵਾਰ ਜੋ ਕਿਸੇ ਕਾਰਨ ਟ੍ਰੇਨਿੰਗ ਪ੍ਰਾਪਤ ਨਹੀ ਕਰ ਸਕੇ ਮੁੜ ਉੱਕਤ ਸ਼ਰਤਾਂ ਤੇ ਫਿਜੀਕਲ ਟੈਸਟ ਲਈ ਉੱਕਤ ਦ੍ਰਸ਼ਾਏ ਸੈਂਟਰਾਂ ਵਿੱਚ ਪੇਸ਼ ਹੋ ਸਕਦੇ ਹਨ ।

# ਬਿਨੈ ਪੱਤਰ ਦਾ ਨਮੂਨਾਂ

(ਬਿਨੈ-ਪੱਤਰ ਇਸ ਪ੍ਰਫਾਰਮੇ ਅਨੁਸਾਰ ਹਸਤਲਿਖਤ ਜਾਂ ਟਾਈਪ ਹੋਣਾ ਚਾਹੀਦਾ ਹੈ)

| | | | |
|---|---|---|---|
| | | | ਪਾਸਪੋਰਟ ਸਾਈਜ ਫੋਟੋ 2 ਨੰ. |
| 1 | ਉਮੀਦਵਾਰ ਦਾ ਪੂਰਾ ਨਾਂ : | | |
| 2 | ਪਿਤਾ ਦਾ ਨਾਂ : | | |
| 3 | ਮਾਤਾ ਦਾ ਨਾਂ : | | |
| 4 | ਜਨਮ ਦੀ ਮਿਤੀ (ਫੋਟੋਕਾਪੀ ਨੱਥੀ) : | | |
| 5 | ਵਿੱਦਿਅਕ ਯੋਗਤਾ<br>(ਦਸਵੀਂ ਪੱਧਰ ਦਾ ਜਨਮ ਮਿਤੀ ਸਮੇਤ ਸਰਟੀਫਿਕੇਟ ਦੀ ਫੋਟੋਕਾਪੀ ਨਾਲ ਨੱਥੀ) | | |
| 6 | ਦਸਵੀਂ ਜਮਾਤ ਵਿੱਚੋ ਪ੍ਰਾਪਤ ਕੀਤੇ ਅੰਕ/ਕੁਲ ਅੰਕ | | |
| 7 | ਭਾਸ਼ਾ ਦੀ ਜਾਣਕਾਰੀ | | |
| 8 | ਪਹਿਚਾਨ ਚਿੰਨ | | |
| 9 | ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਬੂਤ (ਫੋਟੋਕਾਪੀ ਨੱਥੀ) | | |
| 10 | ਕੈਟਾਗਰੀ<br>(SC ਸਰਟੀਫਿਕੇਟ ਦੀ ਫੋਟੋ ਕਾਪੀ ਨਾਲ ਨੱਥੀ) | | |
| 11 | ਆਮਦਨ | | |
| 12 | ਗਰੀਬੀ ਰੇਖਾ ਤੋਂ ਥੱਲੇ (BPL) ਨਾਲ ਸਬੰਧਤ ਸਰਟੀਫਿਕੇਟ ਦੀ ਕਾਪੀ | | |
| 13 | ਪੱਤਰ ਵਿਵਹਾਰ ਲਈ ਪਤਾ (ਸਾਫ ਅਖਰਾ ਵਿੱਚ) | | |
| 14 | ਪਿੰਨ ਕੋਡ | | |
| 15 | ਜਿਲ੍ਹਾ | | |
| 16 | ਟੈਲੀਫੋਨ ਨੰ: | | |

ਨੋਟ : ਬਿਨੈਕਾਰ ਅਤੇ ਉਸਦੇ ਮਾਤਾ ਪਿਤਾ ਦਾ ਨਾਂ ਵੱਡੇ ਅੱਖਰਾਂ ਵਿੱਚ ਪੰਜਾਬੀ ਅਤੇ ਅੰਗਰੇਜੀ ਵਿੱਚ ਸਾਫ-ਸਾਫ ਲਿਖਿਆ ਜਾਵੇ।

(ਉਮੀਦਵਾਰ ਦੇ ਹਸਤਾਖਰ)